ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ
(ਸਿਹਤ-3 ਸ਼ਾਖਾ)

## ਹੁਕਮ

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 29-1-14 ਨੂੰ ਹੋਈ ਮੀਟਿੰਗ ਵਿੱਚ ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਵੱਲੋਂ ਪੇਸ ਕੀਤੇ ਅਜੰਡੇ ਅਨੁਸਾਰ ਐਸੋਸੀਏਟ ਪ੍ਰੋਫੈਸਰ ਐਨੇਸਥੀਸੀਆਂ ਦੀ ਪਦ-ਉਨਤੀ ਲਈ ਲੈਕਚਰਾਰ/ ਸਹਾਇਕ ਪ੍ਰੋਫੈਸਰ ਲਈ 3 ਸਾਲ ਪੜ੍ਹਾਉਣ ਦਾ ਤਜਰਬਾ ਦੱਸਿਆ ਗਿਆ ਸੀ । ਕਿਉਂ ਜੋ ਡਾਕਟਰ ਰੰਜਨਾ, ਸਹਾਇਕ ਪ੍ਰੋਫੈਸਰ ਐਨੇਸਥੀਸੀਆਂ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਦਾ ਤਜਰਬਾ ਮਿਤੀ 24-2-14 ਨੂੰ ਪੂਰਾ ਹੋਣਾ ਸੀ ਅਤੇ ਇਸ ਮਿਤੀ ਤੋਂ ਬਾਅਦ ਉਸ ਨੂੰ ਪਦ-ਉਨਤ ਕਰਨ ਲਈ ਡੀ.ਪੀ.ਸੀ. ਵੱਲੋਂ ਕੀਤੀਆਂ ਸਿਫਾਰਸਾਂ ਮਿਤੀ 29-1-14 ਦੇ ਅਧਾਰ ਤੇ ਸਰਕਾਰ ਦੇ ਹੁਕਮ 1/37/2012-2ਸਸ3/1246-50, ਮਿਤੀ 28-2-14 ਰਾਹੀਂ ਡਾ: ਰੰਜਨਾ ਨੂੰ ਬਤੌਰ ਐਸੋਸੀਏਟ ਪ੍ਰੋਫੈਸਰ ਐਨੇਥੀਸੀਆ ਪਦ-ਉਨਤ ਕੀਤਾ ਗਿਆ ਸੀ । ਪ੍ਰੰਤੂ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਵਿਭਾਗੀ ਤਰੱਕੀ ਦੀ ਸਿਫਾਰਸਾ ਮਿਤੀ 29-1-2014 ਅਨੁਸਾਰ ਬਾਕੀ ਜੋ ਵੀ ਸਹਾਇਕ ਪ੍ਰੋਫੈਸਰ ਬਤੋਰ ਐਸੋਸੀਏਟ ਪ੍ਰੋਫੈਸਰ ਪੱਦ ਉਨਤ ਹੋਏ ਹਨ , ਦਾ ਪੜਾਉਣ ਦਾ ਤਜਰਬਾ 4 ਸਾਲਾ ਤੋ ਵੱਧ ਸੀ।

2. ਮੈਡੀਕਲ ਕੌਂਸਲ ਆਫ ਇੰਡੀਆ ਵੱਲੋਂ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਦੀ ਕੀਤੀ ਇਨਸਪੈਕਸਨ ਦੌਰਾਨ ਕਿਹਾ ਗਿਆ ਕਿ 3 ਸਾਲ ਦੇ ਤਜਰਬੇ ਵਾਲੇ ਸਹਾਇਕ ਪ੍ਰੋਫੈਸਰਾਂ ਦੀ ਪਦ-ਉਨਤੀ ਬਤੌਰ ਐਸੋਸੀਏਟ ਪ੍ਰੋਫੈਸਰ ਪ੍ਰਵਾਨ ਨਹੀਂ ਕੀਤੀ ਜਾ ਸਕਦੀ ਕਿਉਂ ਜੋ ਐਮ.ਸੀ.ਆਈ. ਦੇ ਰੂਲਜ਼ ਇਸ ਦੀ ਇਜਾਜਤ ਨਹੀਂ ਦਿੰਦੇ ਕਿਉਂਕਿ ਬਤੌਰ ਸਹਾਇਕ ਪ੍ਰੋਫੈਸਰ 4 ਸਾਲਾਂ ਦਾ ਤਜਰਬਾ ਹੋਣਾ ਜਰੂਰੀ ਹੈ । ਇਸ ਕਰਕੇ ਐਸੋਸੀਏਟ ਪ੍ਰੋਫੈਸਰ ਦੀ ਪਦ-ਉਨਤੀ ਦੇ ਮਾਮਲੇ ਬਾਰੇ ਐਮ.ਸੀ.ਆਈ. ਦੇ ਨਿਯਮ ਅਤੇ ਪੰਜਾਬ ਮੈਡੀਕਲ ਐਜੂਕੇਸਨ ਸਰਵਿਸਿਜ ਰੂਲਜ਼ ਨੂੰ ਵਿਚਾਰ ਕੇ ਸਰਕਾਰ ਵੱਲੋਂ ਅੰਤਿਮ ਫੈਸਲਾ ਲਿਆ ਜਾਣਾ ਹੈ ਤਾਂ ਜੋ ਕਿਸੇ ਕਾਨੂੰਨੀ ਅੜਚਨ ਤੋਂ ਬਚਿਆ ਜਾ ਸਕ।

3. ਇਸ ਲਈ ਡਾ: ਰੰਜਨਾ ਦੀ ਬਤੌਰ ਐਸੋਸੀਏਟ ਪ੍ਰੋਫੈਸਰ, ਐਨੇਸਥੀਸੀਆ ਦੀ ਪਦ-ਉਨਤੀ ਦੇ ਹੁਕਮ ਨੰ:1/37/2010-2ਸਸ3/1246-50, ਮਿਤੀ 28-2-14 ਵਿੱਚ ਲੜੀ ਨੰ:3 ਅਤੇ 6 ਤੇ ਦਰਜ ਸਰਤ ਦੇ ਸਨਮੁੱਖ ਅਗਲੇ ਹੁਕਮਾਂ ਤੱਕ ਡਾ: ਰੰਜਨਾ ਦੀ ਪਦ-ਉਨਤੀ ਦੇ ਹੁਕਮ ਮਿਤੀ 28-2-14 ਵਾਪਸ ਲਏ ਜਾਂਦੇ ਹਨ । ਮੈਡੀਕਲ ਕੌਂਸਲ ਆਫ ਇੰਡੀਆ ਵੱਲੋਂ ਉਠਾਏ ਗਏ ਇਤਰਾਜਾਂ ਦਾ ਨਿਪਟਾਰਾ ਹੋਣ ਉਪਰੰਤ ਹੀ ਡਾ: ਰੰਜਨਾ ਦੀ ਪਦ-ਉਨਤੀ ਸਬੰਧੀ ਮਾਮਲਾ ਮੁੜ ਵਿਚਾਰਿਆ ਜਾਵੇਗਾ ।

ਮਿਤੀ,ਚੰਡੀਗੜ੍ਹ:
07-3-2014

ਵਿਨੀ ਮਹਾਜਨ
ਪ੍ਰਮੁੱਖ ਸਕੱਤਰ ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ

ਪਿੱਠ-ਅੰਕਣ ਨੰ:1/37/2012-2ਸਸ3/1506-10. ਮਿਤੀ,ਚੰਡੀਗੜ੍ਹ: 07/03/2014.

ਉਪਰੋਕਤ ਦਾ ਉਤਾਰਾ ਸਰਕਾਰ ਦੇ ਪਿੱਠ-ਅੰਕਣ ਨੰ:1/37/2012-2ਸਸ3/1246-50, ਮਿਤੀ 28-2-14 ਦੀ ਲਗਾਤਾਰਤਾ ਵਿੱਚ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ ਨੂੰ ਭੇਜ ਦੇ ਕਿਹਾ ਜਾਂਦਾ ਹੈ ਕਿ ਮੈਡੀਕਲ ਕੌਂਸਲ ਆਫ ਇੰਡੀਆ ਵੱਲੋਂ ਉਠਾਏ ਇਤਰਾਜਾਂ ਸਬੰਧੀ ਆਪਣੀ ਸਵੈ-ਸਪੱਸਟ ਤਜਵੀਜ/ਰਿਪੋਰਟ ਸਰਕਾਰ ਨੂੰ ਬਿਨਾਂ ਦੇਰੀ ਦੇ ਭੇਜੀ ਜਾਵੇ ।
2) ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ ।
3) ਮਹਾਂਲੇਖਾਕਾਰ (ਆਡਿਟ), ਪੰਜਾਬ ।
4) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ / ਅੰਮ੍ਰਿਤਸਰ ।
5) ਸਬੰਧਤ ਡਾਕਟਰ ।

ਅਧੀਨ ਸਕੱਤਰ ਮੈਡੀਕਲ ਸਿੱਖਿਆ ਤੇ ਖੋਜ

ਅੰਦਰੂਨੀ ਵੰਡ:-

1) ਨਿੱਜੀ ਸਕੱਤਰ / ਐਮ.ਈ.ਆਰ.ਐਮ.
2) ਨਿੱਜੀ ਸਕੱਤਰ / ਪੀ.ਐਸ.ਐਮ.ਈ.ਆਰ.
3) ਨਿੱਜੀ ਸਹਾਇਕ/ ਏ.ਐਸ.ਐਮ. ਈ.ਆਰ.